IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)
An International Open Access, Peer-reviewed, Refereed Journal

# ਲੋਕਤੰਤਰ ਦੇ ਸਮਾਜਿਕ ਸਭਿਆਚਾਰਕ ਉਸਾਰ: ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ

ਹਰਪ੍ਰੀਤ ਸਿੰਘ ਦੂਆ (ਡਾ.)

ਐਸੋਸੀਏਟ ਪ੍ਰੋਫੈਸਰ

ਪੰਜਾਬੀ ਵਿਭਾਗ

ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ

**Abstract**

ਵੈਦਿਕ ਕਾਲ ਭਾਰਤੀ ਇਤਿਹਾਸ ਦਾ ਸਭ ਤੋਂ ਪੁਰਾਤਨ ਕਾਲ ਹੈ। ਵਿਦਵਾਨਾਂ ਨੇ ਇਸ ਕਾਲ ਦਾ ਆਰੰਭ ਈਸਾ ਤੋਂ ਦੋ ਹਜ਼ਾਰ ਵਰ੍ਹੇ ਤੋਂ ਪਹਿਲਾਂ ਮੰਨਿਆ ਹੈ। ਇਸ ਨਾਲ ਦਾ ਸਭ ਤੋਂ ਪੁਰਾਣਾ ਗ੍ਰੰਥ ਰਿਗਵੇਦ ਹੈ। ਰਿਗਵੇਦ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਉਸ ਸਮੇਂ ਪੇਸ਼ਿਆਂ ਦੀ ਚੋਣ ਸੰਬੰਧੀ ਕੋਈ ਪ੍ਰਤੀਬੰਧ ਨਹੀਂ ਸੀ। ਕੋਈ ਵੀ ਵਿਅਕਤੀ ਆਪਣੇ ਪੇਸ਼ੇ ਦੇ ਆਧਾਰ ਤੇ ਆਪਣਾ ਵਰਣ ਬਦਲ ਸਕਦਾ ਸੀ। ਇਸ ਲਈ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਵੈਦਿਕ ਕਾਲ ਵਿਚ ਜਨਮ ਅਧਾਰਿਤ ਜਾਤ ਪ੍ਰਥਾ ਨਹੀਂ ਸੀ। ਵੈਦਿਕ ਕਾਲ ਤੋਂ ਉਪਰੰਤ ਈਸਾ ਤੋਂ ਲਗਭਗ 600 ਸਾਲ ਪਹਿਲਾਂ ਉਤਰ ਵੈਦਿਕ ਕਾਲ ਵਿਚ ਜਾਤੀ ਦਾ ਅਧਾਰ ਜਨਮ ਨੂੰ ਮੰਨ ਲਿਆ ਗਿਆ ਸੀ। ਇਸ ਕਾਲ ਵਿਚ ਵੈਸ਼ ਅਤੇ ਸ਼ੂਦਰ ਇਕੋ ਸਤਹ ਤੇ ਰੱਖੇ ਗਏ। ਇਸ ਕਾਲ ਵਿਚ ਵਾਸਤਵਿਕ ਜਾਤੀ ਪ੍ਰਥਾ ਦੀ ਸਥਾਪਨਾ ਹੋਣ ਲਗ ਪਈ ਸੀ। ਗਿਆਰਵੀਂ ਸਦੀ ਤੋਂ ਸਤਾਰਵੀਂ ਸਦੀ ਤੱਕ ਦਾ ਮੱਧ ਕਾਲ ਦੇ ਸਮੇਂ ਮੁਸਲਮਾਨਾਂ ਨੇ ਭਾਰਤ ਵਿਚ ਆਪਣਾ ਰਾਜ ਸਥਾਪਿਤ ਕਰ ਲਿਆ। ਉਨ੍ਹਾਂ ਨੇ ਸਮਾਨਤਾ ਦੇ ਸਿਧਾਂਤ ਨੂੰ ਮੰਨਦੇ ਹੋਏ ਜਾਤ ਪਾਤ ਨੂੰ ਵਿਅਰਥ ਮੰਨਿਆ ਪਰੰਤੂ ਮੁਸਲਮਾਨਾਂ ਸ਼ਾਸਕਾਂ ਦੀ ਜ਼ਬਰਦਸਤੀ ਧਰਮ ਪਰਿਵਰਤਨ ਦੀ ਨੀਤੀ ਕਾਰਨ ਖੱਤਰੀ ਰਾਜਿਆਂ ਅਤੇ ਵੈਸ਼ਾਂ ਦੀ ਸ਼ਕਤੀ ਸਮਾਪਤ ਹੋਣ ਕਰਕੇ ਬ੍ਰਾਹਮਣ ਹੀ ਸਮਾਜ ਦੇ ਕਰਤਾ ਧਰਤਾ ਬਣ ਗਏ ਅਤੇ ਮੰਦਰਾਂ ਦੀ ਸਥਾਪਨਾ ਨਾਲ ਉਹ ਹਿੰਦੂ ਸਮਾਜ ਦੇ ਸੁਆਮੀ ਬਣ ਗਏ। ਇਸ ਕਾਲ ਦੌਰਾਨ ਹੀ ਅਨੇਕਾਂ ਸੰਤਾਂ ਭਗਤਾਂ ਨੇ ਜਾਤ ਪਾਤ ਦਾ ਕਰੜਾ ਵਿਰੋਧ ਕੀਤਾ। ਆਧੁਨਿਕ ਕਾਲ ਦੌਰਾਨ ਹੀ ਅੰਗ੍ਰੇਜ਼ਾਂ ਦੇ ਆਉਣ ਨਾਲ ਪੱਛਮੀ ਵਿਦਿਆ ਦੇ ਪਰਸਾਰ ਕਾਰਨ ਸਮਾਨਤਾ, ਭਰਾਤਰੀਭਾਵ ਅਤੇ ਸੁਤੰਤਰ ਵਿਚਾਰਾਂ ਦਾ ਆਗਮਨ ਹੋਇਆ। ਅੰਗ੍ਰੇਜ਼ੀ ਕਾਲ ਵਿਚ ਸਰਕਾਰ ਦੁਆਰਾ ਬਣਾਏ ਗਏ ਕਾਨੂੰਨਾਂ ਦੁਆਰਾ ਜਾਤ ਪ੍ਰਥਾ ਵਿਚ ਪਰਿਵਰਤਨ ਆਇਆ ਅਤੇ ਕਾਨੂੰਨ ਅਨੁਸਾਰ ਸਰਬ ਸਮਾਨਤਾ ਨੂੰ ਪੂਰਨ ਤੌਰ ਤੇ ਲਾਗੂ ਕਰ ਦਿੱਤਾ। ਇਸ ਪ੍ਰਕਾਰ ਲੋਕਤੰਤਰ ਵਿਚ ਸਮਾਨਤਾ ਦੇ ਅਧਿਕਾਰ ਨੂੰ ਮਾਨਤਾ ਪ੍ਰਾਪਤ ਹੋ ਗਈ।

**Key Words:** ਸ੍ਰੀ ਗੁਰੂ ਗ੍ਰੰਥ ਸਾਹਿਬ, ਲੋਕਤੰਤਰ, ਸਭਿਆਚਾਰ, ਸਮਾਜ, ਸਾਹਿਤ

ਲੋਕਤੰਤਰ ਵਿਚ ਕਾਨੂੰਨੀ ਤੌਰ ਤੇ ਸਾਰੇ ਵਿਅਕਤੀ ਇਕ ਸਮਾਨ ਹੁੰਦੇ ਹਨ। ਲਿੰਗ, ਜਾਤੀ ਜਾਂ ਧਰਮ ਦੇ ਆਧਾਰ ਉਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਇਸ ਲਈ ਨਾਗਰਿਕਾਂ ਦਾ ਕਲਿਆਣ ਸਭ ਤੋਂ ਅਹਿਮ ਮੰਨਿਆ ਜਾਂਦਾ ਹੈ। ਮਨੁੱਖੀ ਜੀਵਨ ਦੀਆਂ ਸਮਾਜਿਕ, ਸਭਿਆਚਾਰਕ ਸਰਗਰਮੀਆਂ ਦੇ ਸੰਬੰਧ ਵਿਚ ਹਰੇਕ ਨਾਗਰਿਕ ਨੂੰ ਸਮਾਨ ਅਧਿਕਾਰ ਪ੍ਰਾਪਤ ਹੁੰਦੇ ਹਨ। ਕਿਸੇ ਵਿਅਕਤੀ ਦੇ ਚੰਗੇਰੇ ਜੀਵਨ ਲਈ ਲੋਕਤੰਤਰੀ ਸਿਧਾਂਤ, ਸੁਤੰਤਰਤਾ, ਸਮਾਨਤਾ ਅਤੇ ਸਾਰਿਆਂ ਦੀ ਭਲਾਈ ਅਤਿਅੰਤ ਜ਼ਰੂਰੀ ਮੰਨੀ ਜਾਂਦੀ ਹੈ। ਲੋਕਤੰਤਰ ਵਿਚ ਵਿਅਕਤੀ ਨੂੰ ਸਾਰੇ ਸਿਧਾਂਤਾਂ ਅਤੇ ਯੋਜਨਾਵਾਂ ਦਾ ਕੇਂਦਰ ਬਿੰਦੂ ਮੰਨਿਆ ਜਾਂਦਾ ਹੈ। ਇਸ ਲਈ ਲੋਕਤੰਤਰ ਵਿਚ ਵਿਅਕਤੀ ਦੇ ਸਮਾਜਿਕ ਸਭਿਆਚਾਰਕ ਉਸਾਰ ਉਤੇ ਕਿਸੇ ਪ੍ਰਕਾਰ ਦੀ ਕੋਈ ਬੰਦਿਸ਼ ਦੀ ਗੁੰਜਾਇਸ਼ ਹੀ ਨਹੀਂ ਹੁੰਦੀ। ਲੋਕਤੰਤਰ ਵਿਚ ਵੱਖ- ਵੱਖ ਜਾਤਾਂ ਦੇ ਲੋਕਾਂ ਦੇ ਰਹਿਣ ਕਰਕੇ ਉਹਨਾਂ ਅੰਦਰ ਸਹਿਣਸ਼ੀਲਤਾ ਸਮਾ ਜਾਂਦੀ ਹੈ, ਜਿਸ ਕਰਕੇ ਵਿਅਕਤੀ ਆਪਣੀ ਸੁਤੰਤਰ ਸੋਚ ਨਾਲ ਆਪਣੇ ਸਮਾਜ ਸਭਿਆਚਾਰ ਲਈ ਹਮੇਸ਼ਾ ਦੂਜਿਆਂ ਦੀ ਭਲਾਈ ਹੀ ਸੋਚਦਾ ਹੈ।

ਮਨੁੱਖ ਜਨਮ ਤੋਂ ਹੀ ਆਪਣੀਆਂ ਲੋੜਾਂ ਅਤੇ ਮੂਲ ਪ੍ਰਵਿਰਤੀਆਂ ਦੀ ਸੰਤੁਸ਼ਟੀ ਲਈ ਸਮਾਜਿਕ ਸੰਬੰਧਾਂ ਵਿਚ ਵਿਚਰਦਾ ਹੈ। ਸਮਾਜਿਕ ਸੰਸਥਾ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਹੁੰਦਾ ਹੈ, ਜਿਸ ਨਾਲ ਮਨੁੱਖ ਦਾ ਸਭ ਤੋਂ ਪਹਿਲਾ ਵਾਸਤਾ ਪੈਂਦਾ ਹੈ। ਉਸਦੀਆਂ ਆਦਤਾਂ, ਰੁਚੀਆਂ, ਬਿਰਤੀਆਂ ਅਤੇ ਭਾਸ਼ਾ ਆਦਿ ਦੀ ਸਿਰਜਣਾ ਸਭ ਤੋਂ ਪਹਿਲਾਂ ਪਰਿਵਾਰ ਵਿਚ ਹੀ ਆਰੰਭ ਹੁੰਦੀ ਹੈ। ਉਸਦੇ ਸਮੁੱਚੇ ਵਿਅਕਤੀਤਵ ਦੀ ਉਸਾਰੀ ਵਿਚ ਉਸਦੇ ਪਰਿਵਾਰ ਦਾ ਯੋਗਦਾਨ ਪ੍ਰਮੁੱਖ ਹੁੰਦਾ ਹੈ। ਪਰਿਵਾਰ ਵਿਚ ਭਿੰਨ-ਭਿੰਨ ਪ੍ਰਕਾਰ ਦੇ ਸੰਸਕਾਰ ਵਿਅਕਤੀ ਦੇ ਆਚਰਣ ਨੂੰ ਨਿਰਧਾਰਿਤ ਕਰਦੇ ਹਨ। ਉਸਦੇ ਜਨਮ ਨਾਲ ਹੀ ਮਿਥੇ ਗਏ ਆਦਰਸ਼ ਨੂੰ ਪ੍ਰਾਪਤ ਕਰਨ ਲਈ ਮਨੁੱਖ ਉਮਰ ਭਰ ਪ੍ਰਯਤਨ ਕਰਦਾ ਰਹਿੰਦਾ ਹੈ। ਲੋੜਾਂ ਅਤੇ ਆਦਰਸ਼ ਭਾਵੇਂ ਵੱਖੋ ਵੱਖਰੇ ਹੁੰਦੇ ਹਨ ਪਰ ਦੋਹਾਂ ਦੀ ਆਪਸ ਵਿਚ ਬੁਨਿਆਦੀ ਸਾਂਝ ਵੀ ਹੈ। ਲੋੜਾਂ ਤਾਂ ਇਸ ਸਰੀਰ ਨਾਲ ਭਾਵ ਇਸ ਜੀਵਨ ਨਾਲ ਸੰਬੰਧਿਤ ਹੁੰਦੀਆਂ ਹਨ ਪਰੰਤੂ ਆਦਰਸ਼ ਜੀਵਨ ਨਾਲ ਮੌਤ ਤੋਂ ਬਾਅਦ ਵੀ ਸੰਬੰਧਿਤ ਰਹਿੰਦਾ ਹੈ ਜਦੋਂ ਵਿਅਕਤੀ ਆਪਣੀਆਂ ਲੋੜਾਂ ਨੂੰ ਆਦਰਸ਼ ਸਮਝ ਕੇ ਸੀਮਤ ਕਰ ਲੈਂਦਾ ਹੈ ਤਾਂ ਉਸਦਾ ਅਸਲ ਆਦਰਸ਼ ਲੁਕਿਆ ਹੀ ਰਹਿੰਦਾ ਹੈ। ਅਰਥਾਤ ਮਨੁੱਖ ਆਪਣੇ ਆਦਰਸ਼ ਬਾਰੇ ਸੋਚਦਾ ਅਤੇ ਵਿਚਾਰਦਾ ਤੱਕ ਨਹੀਂ।

ਸਾਧਾਰਨ ਤੌਰ ਤੇ ਸਮਾਜ ਵਿਅਕਤੀਆਂ ਦੇ ਇਕੱਠ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਨੇ ਆਪਣੇ ਅਮਲੀ ਜੀਵਨ ਵਿਚ ਕੁਝ ਸਾਂਝੇ ਰਸਮਾਂ ਰਿਵਾਜ਼ਾਂ ਅਤੇ ਸਾਂਝੇ ਜੀਵਨ ਪੱਧਰ ਨੂੰ ਅਪਣਾ ਲਿਆ ਹੁੰਦਾ ਹੈ। ਸਮਾਜ ਵਿਅਕਤੀਆਂ ਦੇ ਸਮੂਹ ਨੂੰ ਨਹੀਂ ਬਲਕਿ ਉਹਨਾਂ ਰਾਹੀਂ ਸਿਰਜੇ ਜਾਂਦੇ ਸਮਾਜਿਕ ਸੰਬੰਧਾਂ ਦੇ ਵਿਸਥਾਰ ਨੂੰ ਕਹਿੰਦੇ ਹਨ। ਇਹ ਸਮਾਜਿਕ ਸੰਬੰਧ ਅਮੂਰਤ ਹੁੰਦੇ ਹਨ। ਸਮਾਜ ਵਿਗਿਆਨੀ ਕੁਝ ਪ੍ਰਮੁੱਖ ਤੱਤਾਂ ਨੂੰ ਧਿਆਨ ਗੋਚਰੇ ਰੱਖਦੇ ਹਨ- ੳ) ਪਦਾਰਥਕ ਪੱਖ (ਅ) ਮਾਨਸਿਕ ਪੱਖ ਅਤੇ (ੲ) ਆਤਮਿਕ ਪੱਖ। ਵੱਖੋ-ਵੱਖ ਸਮੇਂ ਅਤੇ ਸਥਾਨਾਂ ਵਿਚ ਵੱਖੋ-ਵੱਖਰੇ ਰਾਜ ਪ੍ਰਬੰਧ ਰਹੇ ਹੋਣ ਕਰਕੇ ਸਮਾਜ ਦੇ ਇਹਨਾਂ ਬੁਨਿਆਦੀ ਅੰਗਾਂ ਵਿਚ ਪਰਿਵਰਤਨ ਆਉਂਦਾ ਰਹਿੰਦਾ ਹੈ। ਸਮਾਜ ਵਿਗਿਆਨੀ ਆਮ ਤੌਰ ਉਤੇ ਸਮਾਜ ਦੀ ਸਿਰਜਨਾ ਵਿਚ ਪੰਜ ਤੱਤਾਂ ਨੂੰ ਪ੍ਰਮੁੱਖ ਮੰਨਦੇ ਹਨ (1) ਪਰਿਵਾਰ, (2) ਰਿਸ਼ਤੇਦਾਰ, (3) ਪਿੰਡ ਜਾਂ ਸ਼ਹਿਰ, (4) ਆਪਣੀ ਕੌਮ (5) ਵਿਸ਼ਵਰਾਜ" ਪਰ ਡਾ. C.P. Bhatnagar 'The Crisis in Sociology' ਵਿਚ ਇਹਨਾਂ ਦੀ ਵੰਡ ਇਸ ਪ੍ਰਕਾਰ ਕਰਦਾ ਹੈ : (1) ਮਾਨਵ/ਵਿਅਕਤੀ (2) ਪਰਿਵਾਰ, (3) ਮਾਨਵੀ ਵਾਤਾਵਰਣ, (4) ਕੌਮ, (5) ਅਨੁਸ਼ਾਸਨ ਜਾਂ ਰਾਜ, (6) ਮਾਨਸਿਕ ਅਤੇ ਆਤਮਿਕ ਵਿਰਸਾ (7) ਸਾਂਝਾ ਮੰਤਵ (8) ਸਾਂਝੀ ਚੇਤਨਾ (9) ਨੈਤਿਕ ਦ੍ਰਿਸ਼ਟੀ।[1] ਸਮਾਜ ਕੇਵਲ ਵਿਅਕਤੀਆਂ ਦਾ ਸਮੂਹ ਨਹੀਂ ਹੁੰਦਾ। ਸਗੋਂ ਇਹ ਇਕ ਅਜਿਹਾ ਗੁੰਝਲਦਾਰ ਤਾਣਾ ਬਾਣਾ ਹੁੰਦਾ ਹੈ ਜੋ ਆਪਸੀ ਸੰਬੰਧਾਂ ਵਿਚ ਬੱਝਾ ਹੁੰਦਾ ਹੈ, ਇਹਨਾਂ ਨੂੰ ਸਮਾਜਿਕ ਸੰਬੰਧਾਂ ਦਾ ਨਾਂ ਦਿੱਤਾ ਜਾਂਦਾ ਹੈ। ਜਿਨ੍ਹਾਂ ਦਾ ਕੇਂਦਰ ਵਿਅਕਤੀ ਹੁੰਦਾ ਹੈ ਕਿਉਂਕਿ ਵਿਅਕਤੀ ਹੀ ਲੋਕਤੰਤਰ ਦੇ ਨਿਰਮਾਣ ਦਾ ਧੁਰਾ ਹੁੰਦਾ ਹੈ। ਇਸ ਲਈ ਉਸਨੂੰ ਪਹਿਲਾਂ ਵਿਅਕਤੀਗਤ ਸ਼ੁੱਧੀ ਲਈ ਸਮਾਜਿਕ ਕਰਮ ਕਰਨੇ ਅਤਿਅੰਤ ਜਰੂਰੀ ਹਨ। ਉਸਨੂੰ ਸੁਚੱਜੇ ਆਚਾਰ ਅਤੇ ਵਿਚਾਰ ਲਈ ਇਕ ਨਰੋਆ ਸਮਾਜ ਘੜਨ ਵਿਚ ਸਹਾਈ ਹੋਣਾ ਚਾਹੀਦਾ ਹੈ। ਉਸਨੂੰ ਜਾਤ, ਜਨਮ ਅਤੇ ਸ਼੍ਰੇਣੀ ਦੇ ਬੰਧਨਾਂ ਨੂੰ ਤੋੜਕੇ ਇਕ ਨਰੋਏ ਸਮਾਜ

ਦਾ ਮਾਡਲ ਚਿਤਰਨਾ ਚਾਹੀਦਾ ਹੈ ਜਿਸ ਵਿੱਚ ਉਸਨੂੰ ਆਪਣੀ ਨੀਵੀਂ ਜਾਤ ਬਾਰੇ ਕੋਈ ਹੀਣਤਾ ਜਾਂ ਉਚੀ ਜਾਤ ਬਾਰੇ ਕੋਈ ਅਭਿਮਾਨ ਨਹੀਂ ਹੋਣਾ ਚਾਹੀਦਾ। ਉਸ ਨੂੰ ਪੁਰਜ਼ੋਰ ਢੰਗ ਨਾਲ ਸਮਾਜ ਵਿਚ ਨਿਤਾਣੇ ਲੋਕਾਂ ਨਾਲ ਆਪਣੀ ਧਿਰ ਜੋੜ ਕੇ ਉਹਨਾਂ ਨੂੰ ਹੱਕ, ਸੱਚ ਅਤੇ ਨਿਆਂ ਦੀ ਖਾਤਰ ਆਪਣੀ ਆਵਾਜ਼ ਬੁਲੰਦ ਕਰ ਦੇਣੀ ਚਾਹੀਦੀ ਹੈ।

ਸਾਹਿਤ ਅਤੇ ਸਮਾਜ ਦਾ ਆਪਸ ਵਿਚ ਬੜਾ ਗੂੜਾ ਸੰਬੰਧ ਹੁੰਦਾ ਹੈ। ਉਹਨਾਂ ਦੇ ਆਪਸੀ ਇਸ ਸੰਬੰਧ ਸਦਕਾ ਹੀ ਕਿਸੇ ਵੀ ਕਾਲ ਦੇ ਸਾਹਿਤ ਵਿਚ ਉਸ ਸਮੇਂ ਦੀਆਂ ਰਾਜਸੀ, ਸਮਾਜਿਕ ਗਤੀਵਿਧੀਆਂ ਦੇ ਹਵਾਲੇ ਜ਼ਰੂਰ ਮਿਲਦੇ ਹਨ। ਮਨੁੱਖ ਦਾ ਸਮਾਜ ਨਾਲ, ਸਾਹਿਤ ਦੇ ਮਾਧਿਅਮ ਰਾਹੀਂ, ਗਹਿਰਾ ਰਿਸ਼ਤਾ ਜੁੜ ਜਾਂਦਾ ਹੈ। ਮਨੁੱਖ ਜਿੱਥੇ ਸਮਾਜ ਦੀ ਇਕਾਈ ਹੈ ਉਥੇ ਸਮਾਜ ਮਨੁੱਖ ਦੀ ਬੌਧਿਕਤਾ ਦਾ ਵੀ ਸੂਚਕ ਹੈ। ਸਮਾਜ ਦੇ ਸਭਿਆਚਾਰਕ ਸਰੂਪ ਦਾ ਨਿਰਮਾਣ ਵਿਅਕਤੀ ਦੇ ਆਚਾਰ ਅਤੇ ਵਿਚਾਰ ਉਤੇ ਨਿਰਭਰ ਕਰਦਾ ਹੈ। ਜਦ ਵਿਅਕਤੀ ਨੈਤਿਕਤਾ ਦੇ ਖੇਤਰ ਵਿੱਚ ਮੁੱਧੇ ਮੂੰਹ ਡਿਗਦੇ ਹਨ ਤਾਂ ਸਮਾਜ ਵਿਚ ਅਸਥਿਰਤਾ ਪੈਦਾ ਹੋ ਜਾਂਦੀ ਹੈ। ਇਹੋ ਅਸਥਿਰਤਾ ਸਮਾਜ ਦੇ ਵਿਘਟਨ ਦਾ ਕਾਰਨ ਬਣਦੀ ਹੈ। ਇਤਿਹਾਸ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਬਹੁਤੀ ਵਾਰ ਸੱਭਿਆਤਾਵਾਂ ਦੇ ਨਸ਼ਟ ਹੋਣ ਪਿੱਛੇ ਰਾਜਸੀ ਕਾਰਨ ਉੱਤਰਦਾਈ ਦਿਖਾਈ ਦਿੰਦੇ ਹਨ ਪਰੰਤੂ ਅਸਲੀਅਤ ਵਿਚ ਇਹਨਾਂ ਰਾਜਸੀ ਕਾਰਨਾਂ ਪਿੱਛੇ ਇਕ ਸਮਾਜਕ ਪਿੱਠ ਭੂਮੀ ਹੁੰਦੀ ਹੈ ਜਿਹੜੀ ਪਹਿਲਾਂ ਸਮਾਜ ਦੀ ਅੰਦਰੂਨੀ ਉੱਥਲ ਪੁੱਥਲ ਦਾ ਕਾਰਨ ਬਣਦੀ ਹੈ ਤੇ ਫਿਰ ਉਸਦੇ ਖੇਰੂੰ ਖੇਰੂੰ ਹੋਣ ਦੀ ਗਵਾਹ ਬਣਦੀ ਹੈ।

ਲੋਕਤੰਤਰ ਵਿਚ ਸਭ ਜਾਤਾਂ, ਧਰਮਾਂ, ਨਸਲਾਂ ਅਤੇ ਕੌਮਾਂ ਨੂੰ ਸਮਾਨਤਾ ਦਾ ਅਧਿਕਾਰ ਪ੍ਰਾਪਤ ਹੁੰਦਾ ਹੈ। ਕਿਸੇ ਨਾਲ ਵੀ ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਕੀਤਾ ਜਾ ਸਕਦਾ। ਭਾਰਤੀ ਦਾਰਸ਼ਨਿਕ ਪਰੰਪਰਾ ਅੰਤਰਗਤ ਰਿਗਵੇਦ ਵਿਚ ਦੇਵੀ ਦੇਵਤਿਆਂ ਦੀ ਉਸਤਤ ਵਿਚ ਗਾਏ ਮੰਤਰ ਭਗਤੀ ਭਾਵ ਨਾਲ ਓਤਪ੍ਰੋਤ ਹਨ। ਭਾਰਤ ਵਿਚ ਜਾਤੀ ਪ੍ਰਥਾ ਦਾ ਅਧਾਰ ਰਿਗਵੇਦ ਤੋਂ ਹੀ ਹੋ ਜਾਂਦਾ ਹੈ। ਇਤਿਹਾਸ ਗਵਾਹ ਹੈ ਕਿ ਪੁਰਾਤਨ ਭਾਰਤੀ ਸਮਾਜ ਵਿਅਕਤੀਗਤ ਅਤੇ ਸਮਾਜਿਕ ਪੱਖੋਂ ਇੱਕ ਉਤਮ ਸਮਾਜ ਸੀ। ਆਰੀਆ ਲੋਕਾਂ ਦੇ ਆਉਣ ਤੱਕ ਸਮਾਜ ਵਿਚ ਕੋਈ ਭੇਦ ਭਾਵ ਨਹੀਂ ਸੀ। ਰਿਗਵੇਦ ਦੇ ਸੂਤਰਾਂ ਅਤੇ ਭਗਵਤ ਗੀਤਾ ਵਿਚ ਵੀ ਉਸ ਸਮੇਂ ਲੋਕਾਂ ਦੀ ਉੱਨਤ ਜ਼ਿੰਦਗੀ ਦੇ ਹਵਾਲੇ ਪ੍ਰਾਪਤ ਹੁੰਦੇ ਹਨ ਪਰ ਹੌਲੀ ਹੌਲੀ ਧਾਤੂ ਯੁੱਗ ਆਉਣ ਕਰਕੇ ਲੋਕਾਂ ਵਿਚ ਸ਼ਕਤੀ ਅਤੇ ਧਨ ਕਰਕੇ ਫਰਕ ਪੈਣੇ ਸ਼ੁਰੂ ਹੋ ਗਏ ਜਿਸ ਕਾਰਨ ਸਮਾਜਿਕ ਭੇਦਭਾਵ ਆਰੰਭ ਹੋ ਗਏ। ਇਸ ਤਰ੍ਹਾਂ ਸਮਾਜ ਚਾਰ ਵਰਣਾਂ ਵਿਚ ਵੰਡਿਆ ਗਿਆ। ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਅਤੇ ਉਹਨਾਂ ਦੇ ਕੰਮਾਂ ਦੇ ਚਿੰਨ੍ਹਾਂਤਮਕ ਅਰਥ ਕੱਢੇ ਗਏ। ਬ੍ਰਾਹਮਣ-ਗਿਆਨ, ਖੱਤਰੀ-ਸੁਰਖਿਆ, ਵੈਸ਼-ਧਨ ਅਤੇ ਸ਼ੂਦਰ ਸੇਵਾ।[2] ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਮੁੱਚੇ ਮਾਨਵੀ ਸਮਾਜ ਨੂੰ ਇਕ ਹੀ ਸੂਤਰ ਵਿਚ ਪਰੋਣ ਦੀ ਗੱਲ ਕਰਦੀ ਹੈ । ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਵਿਚ ਮਾਨਵੀ ਸਰੋਕਾਰਾਂ ਦੇ ਪੇਸ਼ਕਾਰੀ ਅਧਿਆਤਮਕਤਾ ਦੇ ਮੁਹਾਵਰੇ ਵਿਚ ਕੀਤੀ ਗਈ ਹੈ।

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥[3]

ਵੈਦਿਕ ਕਾਲ ਭਾਰਤੀ ਇਤਿਹਾਸ ਦਾ ਸਭ ਤੋਂ ਪੁਰਾਤਨ ਕਾਲ ਹੈ। ਵਿਦਵਾਨਾਂ ਨੇ ਇਸ ਕਾਲ ਦਾ ਆਰੰਭ ਈਸਾ ਤੋਂ ਦੋ ਹਜ਼ਾਰ ਵਰ੍ਹੇ ਤੋਂ ਪਹਿਲਾਂ ਮੰਨਿਆ ਹੈ। ਇਸ ਨਾਲ ਦਾ ਸਭ ਤੋਂ ਪੁਰਾਣਾ ਗ੍ਰੰਥ ਰਿਗਵੇਦ ਹੈ। ਰਿਗਵੇਦ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਉਸ ਸਮੇਂ ਪੇਸ਼ਿਆਂ ਦੀ ਚੋਣ ਸੰਬੰਧੀ ਕੋਈ ਪ੍ਰਤੀਬੰਧ ਨਹੀਂ ਸੀ। ਕੋਈ ਵੀ ਵਿਅਕਤੀ ਆਪਣੇ ਪੇਸ਼ੇ ਦੇ ਆਧਾਰ ਤੇ ਆਪਣਾ ਵਰਣ ਬਦਲ ਸਕਦਾ ਸੀ। ਇਸ ਲਈ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਵੈਦਿਕ ਕਾਲ ਵਿਚ ਜਨਮ ਅਧਾਰਿਤ ਜਾਤ ਪ੍ਰਥਾ ਨਹੀਂ ਸੀ। ਵੈਦਿਕ ਕਾਲ ਤੋਂ ਉਪਰੰਤ ਈਸਾ ਤੋਂ ਲਗਭਗ 600 ਸਾਲ ਪਹਿਲਾਂ ਉਤਰ ਵੈਦਿਕ ਕਾਲ ਵਿਚ ਜਾਤੀ ਦਾ ਅਧਾਰ ਜਨਮ ਨੂੰ ਮੰਨ ਲਿਆ ਗਿਆ ਸੀ। ਇਸ ਕਾਲ ਵਿਚ ਵੈਸ਼ ਅਤੇ ਸ਼ੂਦਰ ਇਕੋ ਸਤਹ ਤੇ ਰੱਖੇ ਗਏ। ਇਸ ਕਾਲ ਵਿਚ ਵਾਸਤਵਿਕ ਜਾਤੀ ਪ੍ਰਥਾ ਦੀ ਸਥਾਪਨਾ ਹੋਣ ਲਗ ਪਈ ਸੀ। ਗਿਆਰਵੀਂ ਸਦੀ ਤੋਂ ਸਤਾਰਵੀਂ ਸਦੀ ਤੱਕ ਦਾ ਮੱਧ ਕਾਲ ਦੇ ਸਮੇਂ ਮੁਸਲਮਾਨਾਂ ਨੇ ਭਾਰਤ ਵਿਚ ਆਪਣਾ ਰਾਜ ਸਥਾਪਿਤ ਕਰ ਲਿਆ। ਉਨ੍ਹਾਂ ਨੇ ਸਮਾਨਤਾ ਦੇ ਸਿਧਾਂਤ ਨੂੰ ਮੰਨਦੇ ਹੋਏ ਜਾਤ ਪਾਤ ਨੂੰ ਵਿਅਰਥ ਮੰਨਿਆ ਪਰੰਤੂ ਮੁਸਲਮਾਨਾਂ ਸ਼ਾਸਕਾਂ ਦੀ ਜ਼ਬਰਦਸਤੀ ਧਰਮ ਪਰਿਵਰਤਨ ਦੀ ਨੀਤੀ

ਕਾਰਨ ਖੱਤਰੀ ਰਾਜਿਆਂ ਅਤੇ ਵੈਸ਼ਾਂ ਦੀ ਸ਼ਕਤੀ ਸਮਾਪਤ ਹੋਣ ਕਰਕੇ ਬ੍ਰਾਹਮਣ ਹੀ ਸਮਾਜ ਦੇ ਕਰਤਾ ਧਰਤਾ ਬਣ ਗਏ ਅਤੇ ਮੰਦਰਾਂ ਦੀ ਸਥਾਪਨਾ ਨਾਲ ਉਹ ਹਿੰਦੂ ਸਮਾਜ ਦੇ ਸੁਆਮੀ ਬਣ ਗਏ। ਇਸ ਕਾਲ ਦੌਰਾਨ ਹੀ ਅਨੇਕਾਂ ਸੰਤਾਂ ਭਗਤਾਂ ਨੇ ਜਾਤ ਪਾਤ ਦਾ ਕਰੜਾ ਵਿਰੋਧ ਕੀਤਾ। ਆਧੁਨਿਕ ਕਾਲ ਦੌਰਾਨ ਹੀ ਅੰਗ੍ਰੇਜ਼ਾਂ ਦੇ ਆਉਣ ਨਾਲ ਪੱਛਮੀ ਵਿਦਿਆ ਦੇ ਪਰਸਾਰ ਕਾਰਨ ਸਮਾਨਤਾ, ਭਰਾਤਰੀਭਾਵ ਅਤੇ ਸੁਤੰਤਰ ਵਿਚਾਰਾਂ ਦਾ ਆਗਮਨ ਹੋਇਆ। ਅੰਗ੍ਰੇਜ਼ੀ ਕਾਲ ਵਿਚ ਸਰਕਾਰ ਦੁਆਰਾ ਬਣਾਏ ਗਏ ਕਾਨੂੰਨਾਂ ਦੁਆਰਾ ਜਾਤ ਪ੍ਰਥਾ ਵਿਚ ਪਰਿਵਰਤਨ ਆਇਆ ਅਤੇ ਕਾਨੂੰਨ ਅਨੁਸਾਰ ਸਰਬ ਸਮਾਨਤਾ ਨੂੰ ਪੂਰਨ ਤੌਰ ਤੇ ਲਾਗੂ ਕਰ ਦਿੱਤਾ। ਇਸ ਪ੍ਰਕਾਰ ਲੋਕਤੰਤਰ ਵਿਚ ਸਮਾਨਤਾ ਦੇ ਅਧਿਕਾਰ ਨੂੰ ਮਾਨਤਾ ਪ੍ਰਾਪਤ ਹੋ ਗਈ।

ਸਭਿਆਚਾਰ ਮਨੁੱਖੀ ਜੀਵਨ ਜਾਚ ਨਾਲ ਸੰਬੰਧਿਤ ਹੁੰਦਾ ਹੈ। ਇਸ ਵਿੱਚ ਕਿਸੇ ਮਨੁੱਖੀ ਸਮਾਜ ਵਿਚ ਕ੍ਰਿਆਸ਼ੀਲ ਉਹ ਕਿਰਿਆਵਾਂ ਹੁੰਦੀਆਂ ਹਨ ਜਿਹੜੀਆਂ ਉਸ ਵਿਸ਼ੇਸ਼ ਮਨੁੱਖੀ ਸਮਾਜ ਨੂੰ ਦੂਜੇ ਸਮਾਜ ਨਾਲੋਂ ਵੱਖਰਤਾ ਪਰਦਾਨ ਕਰਦੀਆਂ ਹਨ। ਸਭਿਆਚਾਰ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। 'ਸਭਯ' ਅਤੇ 'ਆਚਾਰ' ਇਹ ਸ਼ਬਦ ਪੰਜਾਬੀ ਵਿਚ ਸੰਸਕ੍ਰਿਤ ਦੇ ਸ਼ਬਦ 'ਸੰਸਕ੍ਰਿਤ ਦੇ ਸ਼ਬਦ 'ਸੰਸਕ੍ਰਿਤੀ' ਦੇ ਪ੍ਰਾਇਯ ਰੂਪ ਵਿਚ ਵਰਤਿਆ ਜਾਂਦਾ ਹੈ। ਸੰਸਕ੍ਰਿਤੀ ਦੇ ਅਰਥ ਹਨ:- ਸੰਕ੍ਰਿਤੀ ਅਰਥਾਤ ਸੋਧ ਸੰਵਾਰ ਕੇ ਕੀਤੀ ਗੱਲ ਜਾਂ ਚੇਸ਼ਟਾ।[4] ਮਨੁੱਖ ਇੱਕ ਪ੍ਰਕਿਰਤਕ ਜੀਵ ਹੈ ਜਿਸਨੂੰ ਸਭਿਆਚਾਰਕ ਜੀਵ ਬਨਣ ਵਾਸਤੇ ਆਪਣੀ ਸ਼ਖਸੀਅਤ ਨੂੰ ਉੱਜਲ ਬਨਾਉਣ ਲਈ ਮਨ ਅਤੇ ਬੁੱਧੀ ਨੂੰ ਸਾਧਣਾ ਪੈਂਦਾ ਹੈ, ਫਿਰ ਚੰਗੀਆਂ ਆਦਤਾਂ ਗ੍ਰਹਿਣ ਕਰਕੇ ਆਪਣੇ ਜੀਵਨ ਨੂੰ ਹੋਰ ਸੁਹਾਵਣਾ ਬਣਾਇਆ ਜਾ ਸਕਦਾ ਹੈ। ਪ੍ਰਿੰ. ਸੰਤ ਸਿੰਘ ਸੇਖੋਂ ਇਸ ਬਾਰੇ ਲਿਖਦੇ ਹਨ। ਆਮ ਤੌਰ ਤੇ ਜਾਤੀ ਦਾ ਸੁਭਾਅ ਉਸਦੇ ਸਦੀਆਂ ਬੱਧੇ ਅਨੁਭਵ ਤੋਂ ਬਣਦਾ ਹੈ ਪਰ ਤਕਰੀਬਨ ਹਰ ਜਾਤੀ ਦਾ ਇਸ ਅਨੁਭਵ ਦੁਆਰਾ ਬਣਿਆ ਸੁਭਾਅ ਦੂਜਿਆਂ ਨਾਲੋਂ ਵੱਖਰਾ ਹੁੰਦਾ ਹੈ, ਪਰ ਕਈ ਵਾਰ ਵੱਖੋ-ਵੱਖ ਦੇਸ਼ਾਂ ਦੇ ਸੁਭਾਅ ਵਿਚ ਇੰਨੀ ਸਮਾਨਤਾ ਹੁੰਦੀ ਹੈ ਕਿ ਉਨ੍ਹਾਂ ਨੂੰ ਇਕੋ ਸੰਸਕ੍ਰਿਤੀ ਦੇ ਗੁੱਟ ਵਿਚ ਰੱਖਿਆ ਜਾ ਸਕਦਾ ਹੈ। ਜਿਵੇਂ ਯੂਰਪੀਨ ਸੰਸਕ੍ਰਿਤੀ, ਇਸਲਾਮੀ ਸੰਸਕ੍ਰਿਤੀ ਅਤੇ ਭਾਰਤੀ ਸੰਸਕ੍ਰਿਤੀ।[5] ਲੋਕਤੰਤਰ ਵਿਚ ਕਿਸੇ ਵੀ ਸੰਸਕ੍ਰਿਤੀ ਵਿਚ ਸਮਾਨਤਾ ਦੇ ਅਧਿਕਾਰ ਨੂੰ ਹੀ ਪ੍ਰਮੁੱਖ ਮੰਨਿਆ ਜਾਂਦਾ ਹੈ। ਲੋਕਾਂ ਵਿਚ ਕਿਸੇ ਕਿਸਮ ਦਾ ਭੇਦਭਾਵ ਨਹੀਂ ਮੰਨਿਆ ਜਾਂਦਾ। ਇਸ ਪ੍ਰਕਾਰ ਲੋਕਤੰਤਰੀ ਪਰੰਪਰਾਵਾਂ ਨੂੰ ਕਿਸੇ ਵੀ ਜਾਤੀ, ਨਸਲ ਜਾਂ ਕੌਮ ਦੇ ਅਧਾਰ ਤੇ ਛੁਟਿਆਇਆ ਨਹੀਂ ਜਾ ਸਕਦਾ। ਬਾਣੀ ਚਿੰਤਨ ਅਨੁਸਾਰ ਤਾਂ ਸਭ ਮਨੁੱਖ ਬਰਾਬਰ ਹਨ ਪ੍ਰੰਤੂ ਭਾਰਤੀ ਸਮਾਜ ਨੂੰ ਜਾਤ ਪਾਤ ਨੇ ਜਕੜਿਆ ਹੋਇਆ ਹੈ। ਇਸ ਲਈ ਆਪਣੇ ਅੰਦਰੋਂ ਜਾਤ ਦੇ ਅਭਿਮਾਨ ਨੂੰ ਕੱਢ ਕੇ ਇਕ ਮਨੁੱਖ ਨੂੰ ਪਰਮ ਮਨੁੱਖ ਬਨਣਾ ਚਾਹੀਦਾ ਹੈ। ਗੁਰੂ ਦੀ ਕਿਰਪਾ ਨਾਲ ਹੀ ਜਾਤ ਪਾਤ ਦੀ ਹਉਂ ਆਪਣੇ ਆਪ ਹੀ ਖਤਮ ਹੋ ਜਾਵੇਗੀ। ਇਸ ਪ੍ਰਸੰਗ ਵਿਚ ਨਿਮਨਲਿਖਤ ਤੁਕਾਂ ਇਸ ਦਾ ਪ੍ਰਤੱਖ ਪ੍ਰਮਾਣ ਹਨ:-

ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ॥[6]

ਲੋਕਤੰਤਰ ਵਿਚ ਸਾਂਝੀਵਾਲਤਾ ਪ੍ਰਮੁੱਖ ਲੱਛਣ ਮੰਨਿਆ ਜਾਂਦਾ ਹੈ। ਕਿਸੇ ਇਕ ਭੁਗੌਲਿਕ ਜਾਂ ਭਾਸ਼ਾਈ ਖਿੱਤੇ ਵਿਚ ਰਹਿਣ ਵਾਲੇ ਮਨੁੱਖੀ ਸਮੂਹ, ਦੇਸ਼ ਅਤੇ ਕੌਮ ਦੇ ਸਭਿਆਚਾਰ ਨੂੰ ਸਮਾਨ ਮੰਨਿਆ ਜਾਂਦਾ ਹੈ। ਜਦੋਂ ਕੋਈ ਵੀ ਸ਼ਾਸਕ ਕੌਮ ਆਪਣੇ ਨਾਗਰਿਕਾਂ ਉਤੇ ਆਪਣੇ ਕੱਟੜ ਪੰਥੀ ਵਿਚਾਰਾਂ ਨੂੰ ਥੋਪਦੀ ਹੈ ਤਾਂ ਉਥੋਂ ਦੇ ਲੋਕਾਂ ਵਿਚ ਪਰਸਪਰ ਸਾਂਝ, ਭਾਈਚਾਰੇ ਅਤੇ ਬਰਾਬਰੀ ਦੇ ਸਿਧਾਂਤ ਨੂੰ ਠੇਸ ਪੁਜਦੀ ਹੈ। ਇਸ ਪ੍ਰਕਾਰ ਆਰਥਿਕ ਨਾ ਬਰਾਬਰੀ ਬਾਰੇ ਰੋਸ ਜ਼ਰੂਰੀ ਹੀ ਲੋਕਾਂ ਵਿਚ ਫੈਲ ਜਾਂਦਾ ਹੈ। ਇਤਿਹਾਸ ਵਿਚ ਇਕ ਸਮਾਂ ਐਸਾ ਵੀ ਆਇਆ ਕਿ ਜਦ ਚਾਰੇ ਪਾਸੇ ਅਸ਼ਾਂਤੀ ਫੈਲੀ ਹੋਈ ਸੀ ਅਤੇ ਬਾਹਰੀ ਹਮਲੇ ਹੋ ਰਹੇ ਸਨ ਤਾਂ ਭਾਸ਼ਾ, ਧਰਮ, ਵਰਣ ਅਤੇ ਸੰਪ੍ਰਦਾਇ ਦੇ ਨਾਮ ਉਤੇ ਕਈ ਕਿਸਮ ਦੇ ਭੇਦ ਭਾਵ ਪੈਦਾ ਹੋਣ ਨਾਲ ਮੱਧ ਕਾਲ ਵਿਚ ਜਿਸ ਤਰ੍ਹਾਂ ਸਮਾਜਿਕ ਸੰਗਠਨ ਦੇ ਉਦੇਸ਼ ਨਾਲ ਸਮਾਜ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ। ਅਰਥਾਤ ਬ੍ਰਾਹਮਣ, ਖੱਤਰੀ, ਸ਼ੂਦਰ ਅਤੇ ਵੈਸ਼। ਉਸੇ ਤਰ੍ਹਾਂ ਵਿਅਕਤੀਗਤ ਜੀਵਨ ਨੂੰ ਉੱਨਤ ਕਰਨ ਲਈ ਜੀਵਨ- ਯਾਤਰਾ ਦੇ ਸੰਪੂਰਨ ਕਾਲ ਨੂੰ ਚਾਰ ਆਸ਼ਰਮਾਂ ਵਿਚ ਵੰਡਿਆ ਗਿਆ ਹੈ। ਅਰਥਾਤ ਬ੍ਰਹਮਚਰਜ, ਗ੍ਰਹਿਸਥ, ਬਾਨਪ੍ਰਸਤ

ਅਤੇ ਸੰਨਿਆਸ।" ਉਪਨਿਸ਼ਦਾ ਵਿਚ ਧਰਮ ਅਨੁਸਾਰ ਜੀਵਨ ਦੇ ਤਿੰਨ ਸਤਰਾਂ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ। (i)ਵਿਦਿਆ ਪ੍ਰਾਪਤੀ (ii)ਗ੍ਰਹਿਸਥ ਸਤਰ (iii)ਸੰਨਿਆਸ।[7] ਭਾਰਤੀ ਸਮਾਜ ਵਿਚ ਗ੍ਰਹਿਸਥ ਆਸ਼ਰਮ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਗ੍ਰਹਿਸਥੀ ਨੂੰ ਆਪਣੀਆਂ ਨੈਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਜ਼ਿੰਮੇਵਾਰੀਆਂ ਦੀ ਪਾਲਣਾ ਕਰਨੀ ਹੁੰਦੀ ਹੈ। ਜਿਸ ਸਮਾਜ ਵਿਚ ਵਰਣ ਅਤੇ ਵਰਗ ਦੀ ਸਥਿਤੀ ਡਾਵਾਂਡੋਲ ਹੁੰਦੀ ਹੈ ਉਥੇ ਉਸੇ ਪ੍ਰਕਾਰ ਲਿੰਗ ਦੇ ਅਧਾਰ ਤੇ ਵੀ ਨਾ ਬਰਾਬਰੀ ਹੁੰਦੀ ਆਈ ਹੈ। ਔਰਤ ਨੂੰ ਵੀ ਸ਼ੂਦਰ ਦੀ ਤਰਾਂ ਮੰਨਿਆ ਜਾਂਦਾ ਸੀ ਅਤੇ ਮੁਕਤੀ ਦੇ ਦਰ ਤੇ ਪੁੱਜਣ ਤੱਕ ਲਈ ਉਸਨੂੰ ਰੋੜਾ ਮੰਨਿਆ ਜਾਂਦਾ ਰਿਹਾ ਹੈ। ਵਰਤਮਾਨ ਸਮੇਂ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਨੈਤਿਕ ਸੰਗਠਨਾਂ ਨੇ ਸਿੱਧੇ ਦਬਾਅ ਜਾਂ ਸਮਾਜਿਕ ਕਦਰਾਂ- ਕੀਮਤਾਂ, ਰੀਤੀ ਰਿਵਾਜਾਂ, ਸੰਸਕਾਰਾਂ, ਕਰਮ-ਕਾਂਡਾਂ, ਪਰੰਪਰਾ, ਸ੍ਰਿਸ਼ਟਾਚਾਰ ਅਤੇ ਕਿਰਤ ਦੀ ਵੰਡ ਰਾਹੀਂ ਔਰਤ ਉਪਰ ਸੰਪੂਰਨ ਕੰਟਰੋਲ ਕਰਨ ਦੇ ਸਮਰਥ ਬਣਾ ਦਿੱਤਾ ਹੈ। ਇਸੇ ਕਰਕੇ ਸਮਾਜ ਵਿਚ ਔਰਤ ਦੇ ਰੋਲ ਨੂੰ ਅੱਜ ਮਰਦ ਹੀ ਪ੍ਰੀਭਾਸ਼ਤ ਕਰਦਾ ਹੈ।[8]

ਇਸ ਮਰਦ ਪ੍ਰਧਾਨ ਸਮਾਜ ਵਿਚ ਇੰਜ ਜਾਪਦਾ ਹੈ ਕਿ ਜਿਵੇਂ ਕੁਦਰਤ ਨੇ ਹੀ ਔਰਤ ਨੂੰ ਮਰਦ ਦਾ ਗੁਲਾਮ ਬਣਾ ਕੇ ਭੇਜਿਆ ਹੋਵੇ। ਲੋਕ ਇਸ਼ਤਿਹਾਰੀ ਪਰਚਾਰ ਵਿਚ ਸਾਬਨ, ਤੇਲ, ਟਰੈਕਟਰ ਇਤਿ ਆਦਿ ਜ਼ਰੂਰੀ ਵਸਤੂਆਂ ਇੱਥੋਂ ਤੱਕ ਕਿ ਸ਼ਰਾਬ ਆਦਿ ਵੇਚਣ ਲਈ ਵੀ ਉਸਨੂੰ ਹਥਿਆਰ ਵਜੋਂ ਵਰਤ ਰਹੇ ਹਨ। ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨ ਨੇ ਉਸ ਵੇਲੇ ਦੇ ਦੋ ਪ੍ਰਮੁੱਖ ਧਰਮਾਂ ਹਿੰਦੂ ਅਤੇ ਮੁਸਲਮ ਧਰਮਾਂ ਦੀ ਕੱਟੜਤਾ ਨੂੰ ਨਾ ਮੰਨਦੇ ਹੋਏ, ਉਨ੍ਹਾਂ ਅੰਦਰ ਫੈਲੇ ਹੋਏ ਬਾਹਰੀ ਅੰਡਬਰਾਂ ਦਾ ਕਰੜਾ ਵਿਰੋਧ ਕੀਤਾ। ਭਗਤੀ ਦੇ ਸਾਂਝੇ ਖੇਤਰ ਨੇ ਹਰ ਕਿਸਮ ਦੇ ਭੇਦ-ਭਾਵ, ਮਨ-ਮੁਟਾਵ ਅਤੇ ਦੁਖ-ਸੰਤਾਪਾਂ ਨੂੰ ਮਿਟਾਉਣ ਦੀ ਭਰਪੂਰ ਕੋਸ਼ਿਸ਼ ਕੀਤੀ। ਇਨ੍ਹਾਂ ਸੰਤਾਂ, ਭਗਤਾਂ ਦੀ ਬਾਣੀ ਨੇ ਮਾਨਵੀ ਸੰਬੰਧਾਂ ਦੇ ਆਧਾਰ ਤੇ ਇੱਥੋਂ ਦੇ ਧਰਮ, ਭਾਸ਼ਾ, ਜਾਤੀ ਅਤੇ ਪ੍ਰਾਂਤ ਦੀਆਂ ਹੱਦਬੰਦੀਆਂ ਵਿਚ ਬੱਝੇ ਲੋਕਾਂ ਨੂੰ ਪਰਸਪਰ ਸਾਂਝ ਦਾ ਸੁਨੇਹਾ ਦੇ ਕੇ ਭਾਰਤੀ ਅਤੇ ਮੁਸਲਮਾਨੀ ਸਭਿਆਚਾਰਾਂ ਨੂੰ ਇਸ ਪ੍ਰਕਾਰ ਸਮਾਨਤਾ ਦੇ ਅਧਾਰ ਉਤੇ ਲੋਕਤੰਤਰ ਦੀ ਸਥਾਪਤੀ ਲਈ ਮਹੱਤਵਪੂਰਨ ਕਦਮ ਚੁੱਕਿਆ।

ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਇਕ ਹੈ। ਜਿਸਨੂੰ, ਅੱਲ੍ਹਾ, ਈਸ਼ਵਰ ਜਾਂ ਵਾਹਿਗੁਰੂ ਜੋ ਮਰਜ਼ੀ ਕਹਿ ਲਵੋ, ਹਰੇਕ ਵਿਅਕਤੀ ਵਿਚ ਉਸੇ ਦਾ ਹੀ ਨੂਰ ਸਮਾਇਆ ਹੋਇਆ ਹੈ। ਇਸ ਲਈ ਨਾ ਕੋਈ ਹਿੰਦੂ ਤੇ ਨਾ ਹੀ ਮੁਸਲਮਾਨ ਹੈ, ਸਾਰੇ ਮਨੁੱਖ ਹਨ। ਕੋਈ ਵੱਡਾ-ਛੋਟਾ ਅਤੇ ਉੱਚਾ-ਨੀਵਾਂ ਨਹੀਂ। ਇਹ ਵੰਡੀਆਂ ਤਾਂ ਮਨੁੱਖ ਨੇ ਆਪ ਹੀ ਪਾਈਆਂ ਹਨ ਅਤੇ ਇਨ੍ਹਾਂ ਵੰਡੀਆਂ ਕਾਰਨ ਪਾਏ ਹੋਏ ਸੰਤਾਪ ਹੀ ਉਹ ਆਪ ਹੀ ਭੋਗ ਰਿਹਾ ਹੈ। ਇਸਲਾਮ ਦੇ ਪੈਰੋਕਾਰ ਜਦੋਂ ਭਾਰਤ ਵਿਚ ਟਿਕ ਗਏ ਤਾਂ ਉਨ੍ਹਾਂ ਅੰਦਰ ਵੀ ਬ੍ਰਾਹਮਣੀ ਸਮਾਜ ਵਾਲੇ ਔਗੁਣਾਂ ਨੇ ਘਰ ਕਰ ਲਿਆ। ਜਦੋਂ ਮਨੁੱਖ ਸਮਾਨਤਾ ਦੇ ਅਧਾਰ ਤੇ ਸੁਚੱਜੀ ਜੀਵਨ ਜਾਚ ਅਪਣਾ ਲਵੇ ਤਾਂ ਉਸਦਾ ਕਲਿਆਣ ਸੰਭਵ ਹੋ ਜਾਂਦਾ ਹੈ। ਲੋਕਤੰਤਰ ਵਿਚ ਹੀ ਇਨ੍ਹਾਂ ਅਸੂਲਾਂ ਉਤੇ ਚੱਲਕੇ ਨਰੋਆ ਸਮਾਜ ਸਿਰਜਿਆ ਜਾ ਸਕਦਾ ਹੈ। ਇਸ ਤਰ੍ਹਾਂ ਅੱਲਾ ਦੇ ਨੂਰ ਤੋਂ ਹੀ ਸਾਰੇ ਪੈਦਾ ਹੋਏ ਹਨ, ਕੋਈ ਚੰਗਾ ਜਾਂ ਬੁਰਾ ਨਹੀਂ। ਚੰਗਿਆਈ ਤੇ ਬੁਰਿਆਈ ਦਾ ਆਧਾਰ ਕਰਮ ਹੈ। ਕਰਮ ਹੀ ਨੇੜਤਾ ਤੇ ਦੂਰੀ ਸਥਾਪਤ ਕਰਦਾ ਹੈ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥[9]

ਪਰਮਾਤਮਾ ਨੂੰ ਮਾਂ ਦੇ ਰੂਪ ਵਿਚ ਦੇਖੀਏ ਤਾਂ ਕਈ ਸਮਸਿਆਵਾਂ ਦਾ ਅੰਤ ਹੋ ਜਾਵੇਗਾ। ਨਵੇਂ ਮਨੁੱਖ ਦੀ ਸਿਰਜਣਾ ਲਈ ਨਵੇਂ ਯੁੱਗ ਦਾ ਬੂਹਾ ਨਾਰੀਵਾਦੀ ਕੀਮਤਾਂ ਰਾਹੀਂ ਕੇਵਲ ਔਰਤ ਦੀ ਅਜ਼ਾਦੀ ਨਾਲ ਹੀ ਖੁੱਲ੍ਹ ਸਕਦਾ ਹੈ। ਔਰਤ ਦੀ ਅਜ਼ਾਦੀ ਦਾ ਭਾਵ ਹੈ ਕਿ ਇਕ ਅਜਿਹੇ ਸਮਾਜ ਦੀ ਸਿਰਜਣਾ ਜਿਸ ਵਿਚ ਮਰਦ ਅਤੇ ਔਰਤ ਨੂੰ ਉੱਚਾ ਨੀਵਾਂ ਨਹੀਂ, ਸਗੋਂ ਵਖੋ-ਵੱਖਰੀਆਂ ਕਦਰਾਂ ਕੀਮਤਾਂ, ਮੁੱਲਾਂ ਅਤੇ ਗੁਣਾਂ ਵਾਲੀਆਂ ਵਿੱਲਖਣ ਪਰ ਬਰਾਬਰ ਦੀ ਅਹਿਮੀਅਤ ਵਾਲੀਆਂ ਧਿਰਾਂ ਮੰਨਿਆ ਜਾਂਦਾ ਹੋਵੇ।[10] ਲੋਕਤੰਤਰ ਵਿਚ ਕਿਧਰੇ ਵੀ ਕਿਸੇ

ਨਾਲ ਲਿੰਗ ਦੇ ਅਧਾਰ ਤੇ ਵਿਤਕਰਾ ਨਹੀਂ ਕੀਤਾ ਜਾਂਦਾ। ਅਜੋਕੇ ਸਮਾਜ ਵਿਚ ਔਰਤ ਨੇ ਇੰਨੀ ਤਰੱਕੀ ਕਰ ਲਈ ਹੈ ਕਿ ਰਾਜਨੀਤੀ ਦਾ ਖੇਤਰ ਜਿਸ ਨੂੰ ਕੇਵਲ ਮਰਦਾਂ ਲਈ ਹੀ ਮੰਨਿਆ ਜਾਂਦਾ ਸੀ, ਵਿਚ ਵੀ ਉਸਨੇ ਅਨੇਕਾਂ ਮੱਲਾਂ ਮਾਰ ਲਈਆਂ ਹਨ। ਕਈ ਦੇਸ਼ਾਂ ਵਿਚ ਉਹ ਚੋਣਾਂ ਲੜ ਕੇ ਰਾਜਨੀਤਕ ਆਗੂ ਬਣਕੇ ਸਫਲਤਾ ਦੇ ਝੰਡੇ ਗੱਡ ਰਹੀਆਂ ਹਨ।

ਲੋਕਤੰਤਰ ਦੇ ਬੁਨਿਆਦੀ ਸਿਧਾਂਤਾਂ ਦੀ ਪੈਰਵੀ ਕਰਨ ਵਾਲਾ ਸਰਵੋਤਮ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਜਿਸ ਵਿਚ ਸਮਾਜਿਕ-ਸਭਿਆਚਾਰਕ ਉਸਾਰਾਂ ਦੀ ਹੱਦਬੰਦੀ ਨੂੰ ਅਤਿਅੰਤ ਮਨਮੋਹਕ ਢੰਗ ਨਾਲ ਸੰਵਾਰਕੇ ਪੇਸ਼ ਕੀਤਾ ਗਿਆ ਹੈ। ਬਾਣੀਕਾਰਾਂ ਨੇ ਲੋਕਤੰਤਰੀ ਸੰਕਲਪ ਅਧੀਨ ਹੀ ਹਿੰਦੁਸਤਾਨ ਦੀਆਂ ਜੜ੍ਹਾਂ ਵਿਚ ਸੰਚਿਤ ਹੋ ਕੇ ਹਿੰਦੁਸਤਾਨੀ ਉਨਤੀ ਦੇ ਵਿਕਾਸ ਵਿਚ ਰੋੜਾ ਅਟਕਾਉਂਦੀ ਸਮਾਜਿਕ ਸੰਤੁਲਨ ਵਿਗਾੜਦੀ ਅਖੌਤੀ ਸ਼੍ਰੇਣੀ ਵੰਡ ਦਾ ਕੇਵਲ ਜ਼ੋਰਦਾਰ ਸ਼ਬਦਾਂ ਵਿਚ ਵਿਰੋਧ ਹੀ ਨਹੀਂ ਕੀਤਾ ਸਗੋਂ ਅਖੌਤੀ ਵੰਡ ਦੀ ਸਥਾਪਿਤ ਪਰਿਭਾਸ਼ਾਵਲੀ ਨੂੰ ਬਦਲ ਕੇ ਇਸਨੂੰ ਸਾਕਾਰਤਮਿਕ, ਉਸਾਰੂ ਅਤੇ ਉਪਯੋਗੀ ਅਰਥ ਪ੍ਰਦਾਨ ਕੀਤੇ ਹਨ।

## ਹਵਾਲੇ ਅਤੇ ਟਿੱਪਣੀਆਂ


1. Dr. C.P. Bhatnagar, The Crisis in Indian Society, p. 17
2. ਮੋਹਨ ਲਾਲ ਸ਼ਰਮਾ, ਅਨੁਵਾਦਕ, ਮਨੁਸਿਮਰਤੀ, ਭਾਸ਼ਾ ਵਿਭਾਗ, ਪੰਜਾਬ, ਪੰਨਾ 1/31
3. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 748
4. ਪ੍ਰਿੰ. ਸੰਤ ਸਿੰਘ ਸੇਖੋਂ, ਸੱਭਿਆਚਾਰ ਦੇ ਮੁੱਖ ਅੰਸ਼, ਪੰਨਾ 17
5. ਉਹੀ, ਪੰਨਾ 21
6. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1198
7. ਮਨਮੋਹਨ ਸਿੰਘ, ਚਾਰ ਆਸ਼ਰਮ, ਧਰਮ ਦਾ ਵਿਕਾਸ ਅਤੇ ਗੁਰਮਤਿ, ਪੰਨਾ 118
8. ਅਮਰਜੀਤ ਸਿੰਘ ਗਰੇਵਾਲ, ਇੱਕੀਵੀਂ ਸਦੀ ਦੇ ਮਾਨਵ ਅਤੇ ਸਮਾਜ ਦੀ ਸਿਰਜਣਾ ਲਈ ਗੁਰੂ ਗ੍ਰੰਥ ਸਾਹਿਬ ਦੀ ਪ੍ਰਸੰਗਿਕਤਾ, ਵਿਸਮਾਦੁ ਨਾਦੁ, ਪੰਨਾ 93
9. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1349
10. ਅਮਰਜੀਤ ਸਿੰਘ ਗਰੇਵਾਲ, ਇੱਕੀਵੀਂ ਸਦੀ ਦੇ ਮਾਨਵ ਅਤੇ ਸਮਾਜ ਦੀ ਸਿਰਜਣਾ ਲਈ ਗੁਰੂ ਗ੍ਰੰਥ ਸਾਹਿਬ ਦੀ ਪ੍ਰਸੰਗਿਕਤਾ, ਵਿਸਮਾਦੁ ਨਾਦੁ, ਪੰਨਾ 94